# ਦਫਤਰ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ,

(ਪੁੱਡਾ ਭਵਨ, ਸੈਕਟਰ 62, ਐਸ.ਏ.ਐਸ. ਨਗਰ)

**ਮੁਸਤਰੀ ਮੁਨਿਆਦੀ**

ਰਾਜਪੁਰਾ ਵਿਖੇ ਇੰਟੀਗਰੇਟਡ ਮੈਨੂਫੈਕਚਰਿੰਗ ਕਲਸਟਰ (ਆਈ.ਐਮ.ਸੀ) ਜੋ ਕਿ ਏ.ਕੇ.ਆਈ.ਸੀ ਕੋਰੀਡੋਰ ਪ੍ਰੋਜੈਕਟ ਦੇ ਤਹਿਤ ਹੈ, ਨੂੰ 150 ਫੁੱਟ ਚੋੜੀ ਸੜਕ ਨਾਲ ਕੁਨੈਕਟੀਵਿਟੀ ਦੇਣ ਲਈ ਭੌਂ ਜੋ ਕਿ ਲੇ-ਆਊਟ ਪਲੈਨ ਅਨੁਸਾਰ ਤਹਿਸੀਲ ਰਾਜਪੁਰਾ ਜਿਲਾ ਪਟਿਆਲਾ ਵਿੱਚ ਪੈਂਦੀ ਹੈ, ਦਾ ਰਕਬਾ ਐਕੁਆਇਰ ਕੀਤਾ ਜਾਣਾ ਹੈ। ਇਸ ਸਕੀਮ ਦੀ ਯੋਜਨਾ ਅਨੁਸਾਰ ਪਿੰਡ ਪਾਬੜਾ (17.3385 ਏਕੜ), ਮਡਵਾਲ (12.5521 ਏਕੜ), ਖਾਨਪੁਰ ਖੁਰਦ (9.9375 ਏਕੜ), ਉਕਸੀ (14.6771 ਏਕੜ) ਅਤੇ ਕੰਵਰਪੁਰ (6.6146 ਏਕੜ), ਤਹਿਸੀਲ ਰਾਜਪੁਰਾ, ਜਿਲ੍ਹਾ ਪਟਿਆਲਾ, ਜਿਸਦਾ ਕੁੱਲ ਰਕਬਾ 61.1198 ਏਕੜ ਹੈ ਦਾ ਅਵਾਰਡ ਮਿਤੀ 16.02.2023 ਨੂੰ ਸਮਾਂ 11 ਵਜੇ ਕਮੇਟੀ ਹਾਲ ਦੂਜੀ ਮੰਜਿਲ, ਪੁੱਡਾ ਭਵਨ, ਸੈਕਟਰ-62, ਐਸ.ਐਸ.ਏ. ਨਗਰ ਵਿਖੇ ਸੁਣਾਇਆ ਜਾਣਾ ਹੈ। ਇਸ ਲਈ ਇਹਨਾਂ ਪਿੰਡਾਂ ਦੇ ਸਬੰਧਤ ਭੌਂ ਮਾਲਕਾਂ/ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਮਿਤੀ ਅਤੇ ਸਮੇਂ ਤੇ ਉਪਰੋਕਤ ਥਾਂ ਤੇ ਅਵਾਰਡ ਸੁਣਾਉਣ ਸਮੇਂ ਹਾਜਰ ਹੋਣ।

ਸਥਾਨ: ਐਸ.ਏ.ਐਸ. ਨਗਰ

ਮਿਤੀ:

ਭੌਂ ਪ੍ਰਾਪਤੀ ਕੁਲੈਕਟਰ

ਪਿ.ਅ.ਨੰ: ਐਮ.ਏ/ਐਲ.ਏ.ਸੀ/2023/ 68200 ਮਿਤੀ: 9/2/23

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਆਮ ਜਨਤਾ ਨੂੰ ਅਵਾਰਡ ਸੁਣਾਏ ਜਾਣ ਸਬੰਧੀ ਸਮਾਂਮਿਤੀ ਅਤੇ ਸਥਾਨ ਤੇ , ਹਾਜਰ ਹੋਣ ਲਈ ਤਹਿਸੀਲਦਾਰ ਰਾਜਪੁਰਾ, ਜਿਲ੍ਹਾ ਪਟਿਆਲਾ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਮੁਸਤਰੀ ਮੁਨੀਆਦੀ ਕਰਵਾਕੇ ਮੁਨਿਆਦੀ ਦੀ ਰਪਟ ਰੋਜਨਾਮਚੇ ਵਿਚ ਦਰਜ ਕਰਨ ਹਿੱਤ ਸਬੰਧਤ ਹਲਕਾ ਕਾਨੂੰਨਗੋ/ਪਟਵਾਰੀ ਪਿੰਡ ਉਕਸੀ, ਮਡਵਾਲ, ਕੰਵਰਪੁਰ, ਖਾਨਪੁਰ ਖੁਰਦ ਅਤੇ ਪਬਰਾ ਤਹਿਸੀਲ ਰਾਜਪੁਰਾ ਜਿਲ੍ਹਾ ਪਟਿਆਲਾ ਨੂੰ ਪਾਬੰਦ ਕੀਤਾ ਜਾਵੇ।

(2) ਸਰਪੰਚ/ਨੰਬਰਦਾਰ/ਚੌਕੀਦਾਰ ਪਿੰਡ ਉਕਸੀ, ਮਡਵਾਲ, ਕੰਵਰਪੁਰ, ਖਾਨਪੁਰ ਖੁਰਦ ਅਤੇ ਪਬਰਾ ਤਹਿਸੀਲ ਰਾਜਪੁਰਾ ਜਿਲ੍ਹਾ ਪਟਿਆਲਾ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

(3) ਸਿਸਟਮ ਮੈਨੇਜਰ ਗਮਾਡਾ/ਪੁੱਡਾ ਆਈ.ਟੀ.ਸੈਲ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਮੁਸਤਰੀ ਮੁਨਿਆਦੀ ਦੀ ਜਾਣਕਾਰੀ ਗਮਾਡਾ ਦੇ ਵੈਬਸਾਇਟ ਤੇ ਵੀ ਅਪਲੋਡ ਕੀਤੀ ਜਾਵੇ ਜੀ।

ਭੌਂ ਪ੍ਰਾਪਤੀ ਕੁਲੈਕਟਰ